# International Lusophone Festival, Goa (December 03-06, 2022)

November 29, 2022

## ਅੰਤਰਰਾਸ਼ਟਰੀ ਲੁਸੋਫੋਨ ਫੈਸਟੀਵਲ, ਗੋਆ (3-6 ਦਸੰਬਰ 2022)

## 29 ਨਵੰਬਰ, 2022

ਵਿਦੇਸ਼ ਮੰਤਰਾਲੇ (MEA) ਭਾਰਤੀ ਸੱਭਿਆਚਾਰਕ ਸਬੰਧ ਕੌਂਸਲ (ICCR) ਅਤੇ ਗੋਆ ਸਰਕਾਰ ਨਾਲ ਸਾਂਝੇਦਾਰੀ ਵਿੱਚ 3-06 ਦਸੰਬਰ 2022 ਤੱਕ ਗੋਆ ਵਿੱਚ ਅੰਤਰਰਾਸ਼ਟਰੀ ਲੁਸੋਫੋਨ ਫੈਸਟੀਵਲ ਕਰਾ ਰਿਹਾ ਹੈ। ਇਸ ਸਮਾਗਮ ਦਾ ਮਕਸਦ ਲੁਸੋਫੋਨ ਦੀ ਦੁਨੀਆ ਨਾਲ ਭਾਰਤ ਦੇ ਸੰਪਰਕ ਨੂੰ ਅੱਗੇ ਵਧਾਉਣਾ ਹੈ।

ਗੋਆ ਦਾ ਲੁਸੋਫੋਨ ਸੰਸਾਰ ਨਾਲ ਇਤਿਹਾਸਕ ਸਬੰਧ ਰਿਹਾ ਹੈ, ਜਿਸ ਨੂੰ ਪੁਰਤਗਾਲੀ ਸੱਭਿਆਚਾਰਕ ਸੰਸਥਾਵਾਂ ਜਿਵੇਂ ਓਰੀਐਂਟ ਫਾਊਂਡੇਸ਼ਨ ਅਤੇ ਕੈਮੋਜ਼ ਇੰਸਟੀਚਿਊਟ ਨੇ ਪੋਸ਼ਿਤ ਕੀਤਾ ਹੈ ਜੋ ਭਾਰਤ ਵਿੱਚ ਪੁਰਤਗਾਲੀ ਭਾਸ਼ਾ ਅਤੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਦੇ ਹਨ। ਇਸਦੇ ਸਦਕਾ CPLP ਮੈਂਬਰ ਦੇਸ਼ਾਂ ਨਾਲ ਸਾਡਾ ਆਰਥਿਕ, ਸੱਭਿਆਚਾਰਕ ਸਹਿਯੋਗ ਅਤੇ ਲੋਕ- ਪੱਧਰੀ ਸਬੰਧ ਡੂੰਘੇ ਹੋਏ ਹਨ।

ਅੰਤਰਰਾਸ਼ਟਰੀ ਲੁਸੋਫੋਨ ਫੈਸਟੀਵਲ ਦਾ ਉਦਘਾਟਨ 3 ਦਸੰਬਰ, 2022 ਨੂੰ ਗੋਆ ਦੇ ਮੁੱਖ ਮੰਤਰੀ ਸ਼੍ਰੀ ਪ੍ਰਮੋਦ ਸਾਵੰਤ ਦਰਬਾਰ ਹਾਲ, ਰਾਜ ਭਵਨ ਵਿੱਖੇ ਕਰਨਗੇ। ਵਿਦੇਸ਼ ਰਾਜ ਮੰਤਰੀ ਅਤੇ ਸੱਭਿਆਚਾਰ ਰਾਜ ਮੰਤਰੀ ਸ਼੍ਰੀਮਤੀ ਮੀਨਾਕਸ਼ੀ ਲੇਖੀ ਵਿਸ਼ੇਸ਼ ਮਹਿਮਾਨ ਹੋਣਗੇ।

ਇਸ ਫੈਸਟੀਵਲ ਵਿੱਚ ਗੋਆ ਦੇ ਕਈ ਸਥਾਨਾਂ ਜਿਵੇਂ ESG ਕੰਪਲੈਕਸ, ਆਜ਼ਾਦ ਮੈਦਾਨ, ਸੰਸਕ੍ਰਿਤੀ ਭਵਨ, ਇੰਸਟੀਚਿਊਟ ਮੇਨੇਜ਼ੇਸ ਬ੍ਰਾਗੇਂਜ਼ਾ ਆਦਿ ਵਿੱਚ CPLP ਦੇਸ਼ਾਂ ਦੀਆਂ ਸੱਭਿਆਚਾਰਕ ਮੰਡਲੀਆਂ (ਲਗਭਗ 70 ਕਲਾਕਾਰ) ਆਪਣੀਆਂ ਪੇਸ਼ਕਾਰੀਆਂ ਦੇਣਗੀਆਂ। ਫੈਸਟੀਵਲ ਦੇ ਹਿੱਸੇ ਵਜੋਂ ਕਲਾਕਾਰਾਂ ਅਤੇ ਵਲੰਟੀਅਰਾਂ ਲਈ ਲੁਸੋਫੋਨ ਸੰਗੀਤ 'ਤੇ ਵਰਕਸ਼ਾਪਾਂ, ਇਤਿਹਾਸਕ ਰਿਕਾਰਡਾਂ ਦੀਆਂ ਫੋਟੋ ਕਾਪੀਆਂ, ਗੋਆ ਦੇ ਵਿਲੱਖਣ ਆਰਕੀਟੈਕਚਰ, ਗੋਆ ਦੀ ਦਸਤਕਾਰੀ ਅਤੇ ਗੋਆ ਦੇ ਫਰਨੀਚਰ ਦੀਆਂ ਵੱਖ-ਵੱਖ ਵਰਕਸ਼ਾਪਾਂ ਅਤੇ ਪ੍ਰਦਰਸ਼ਨੀਆਂ ਹੋ ਰਹੀਆਂ ਹਨ। ਇਸ ਤੋਂ ਛੁੱਟ ਲੁਸੋਫੋਨ ਫੂਡ ਐਂਡ ਸਪਿਰਿਟਸ ਫੈਸਟੀਵਲ ਭਾਰਤ ਅਤੇ ਲੁਸੋਫੋਨ ਵਿਸ਼ਵ ਵਿਚਕਾਰ ਪਾਕ ਕਲਾ ਦੇ ਸਬੰਧਾਂ ਨੂੰ ਵੀ ਪ੍ਰਦਰਸ਼ਿਤ ਕਰੇਗਾ।

"ਇੰਡੀਆਜ਼ ਆਊਟਰੀਚ ਟੂ ਦਿ ਗਲੋਬਲ ਸਾਊਥ - ਐਕਸਪਲੋਰਿੰਗ ਕਨਵਰਜੈਂਸ ਵਿਦ CPLP" ਅਤੇ "ਇੰਡੀਆ-ਲੁਸੋਫੋਨ ਹਿਸਟੋਰੀਕਲ ਐਂਡ ਕਲਚਰਲ ਲਿੰਕੇਜ: ਰੀਟਰੋਸਪੈਕਟ ਐਂਡ ਪ੍ਰੋਸਪੈਕਟਸ" ਵਿਸ਼ੇ 'ਤੇ ਗੋਲ ਮੇਜ਼ ਚਰਚਾਵਾਂ ਦੌਰਾਨ ਸਿਰਫ਼ ਭਾਰਤ ਦੇ ਮੌਜੂਦਾ ਅਤੇ ਇਤਿਹਾਸਕ ਲੁਸੋਫੋਨ ਸੰਪਰਕ ਦੀ ਪੜਚੋਲ ਹੋਵੇਗੀ, ਸਗੋਂ ਭਵਿੱਖ ਦੇ ਰਾਹ 'ਤੇ ਵੀ ਵਿਚਾਰ-ਵਟਾਂਦਰਾ ਹੋਵੇਗਾ।

ਪੁਰਤਗਾਲੀ ਭਾਸ਼ਾ ਦੇਸ਼ਾਂ ਦਾ ਭਾਈਚਾਰਾ (Comunidade dos Países de Língua Portuguesa) ਜਿਸ ਨੂੰ ਲੁਸੋਫੋਨ ਰਾਸ਼ਟਰਮੰਡਲ (ComunidadeLusofona) ਵੀ ਕਿਹਾ ਜਾਂਦਾ ਹੈ, ਇੱਕ ਬਹੁਪੱਖੀ ਫੋਰਮ ਹੈ, ਜਿਸਦੀ ਸਥਾਪਨਾ 17 ਜੁਲਾਈ, 1996 ਨੂੰ ਲਿਸਬਨ ਵਿੱਚ 1st CPLP ਦੇਸ਼ਾਂ ਅਤੇ ਸਰਕਾਰਾਂ ਦੇ ਮੁਖੀਆਂ ਦੇ ਸਿਖ਼ਰ ਸੰਮੇਲਨ ਵਿੱਚ ਕੀਤੀ ਗਈ ਸੀ। ਸੰਸਥਾਪਕ ਮੈਂਬਰ ਅੰਗੋਲਾ, ਬ੍ਰਾਜ਼ੀਲ, ਕਾਬੋ ਵਰਡੇ, ਗਿਨੀ ਬਿਸਾਉ, ਮੋਜ਼ਾਮਬੀਕ, ਪੁਰਤਗਾਲ ਅਤੇ ਸਾਓ ਟੋਮੇ ਅਤੇ ਪ੍ਰਿੰਸੀਪੇ ਸਨ, ਜਦੋਂ ਕਿ ਤਿਮੋਰ ਲੈਸਟੇਂਡ ਅਤੇ ਇਕੂਟੋਰੀਅਲ ਗਿਨੀ ਬਾਅਦ ਵਿੱਚ ਸ਼ਾਮਲ ਹੋਏ। ਇਨ੍ਹਾਂ 9 ਲੁਸੋਫੋਨ ਦੇਸ਼ਾਂ ਵਿੱਚ 4 ਵੱਖ-ਵੱਖ ਮਹਾਂਦੀਪਾਂ (ਅਫਰੀਕਾ, ਲਾਤੀਨੀ ਅਮਰੀਕਾ, ਏਸ਼ੀਆ ਅਤੇ ਯੂਰਪ) ਵਿੱਚ ਲਗਭਗ 30 ਕਰੋੜ ਲੋਕ ਸ਼ਾਮਲ ਹਨ। ਭਾਰਤ ਜੁਲਾਈ, 2021 ਵਿੱਚ ਸਹਿਯੋਗੀ ਨਿਰੀਖਕ ਵਜੋਂ CPLP ਵਿੱਚ ਸ਼ਾਮਲ ਹੋਇਆ। CPLP ਨਾਲ ਭਾਰਤ ਦੀ ਸ਼ਮੂਲੀਅਤ ਦੇ ਹਿੱਸੇ ਵਜੋਂ ਵਿਦੇਸ਼ ਮੰਤਰਾਲੇ ਨੇ CPLP ਵਿੱਚ ਸ਼ਾਮਲ ਹੋਣ ਤੋਂ ਤੁਰੰਤ ਬਾਅਦ 5 ਮਈ, 2022 ਨੂੰ ਦਿੱਲੀ ਵਿੱਚ ਵਿਸ਼ਵ ਪੁਰਤਗਾਲੀ ਭਾਸ਼ਾ ਦਿਵਸ ਮਨਾਇਆ। ਇਹ ਤਿਉਹਾਰ ਵੀ ਇਸ ਸੰਪਰਕ ਨੂੰ ਅੱਗੇ ਵਧਾਉਣ ਦੇ ਸਾਡੇ ਯਤਨਾਂ ਦਾ ਹਿੱਸਾ ਹੈ।

ਨਵੀਂ ਦਿੱਲੀ

29 ਨਵੰਬਰ, 2022

DISCLAIMER: This is an approximate translation. The original is available in English on MEA’s website and may be referred to as the official press release.